# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੀਟਿੰਗ

# ਮਿਤੀ **1-12-2015**

# ਦੀ ਕਾਰਵਾਈ

(ਮਤਾ ਨੰ: **97- 98** )

**ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 01.12.2015 ਨੂੰ ਹੋਈ ਦੀ ਕਾਰਵਾਈ ।**

ਮਿਤੀ 01.12.2015 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਨਹਿਰੂ ਗਾਰਡਨ, ਨਗਰ ਨਿਗਮ, ਜਲੰਧਰ, ਵਿਖੇ ਹੋਈ ਜਿਸ ਵਿੱਚ ਹੇਠ ਅਨੁਸਾਰ ਹਾਜ਼ਰ ਹੋਏ:

| ਲੜੀ ਨੰ: | ਵਾਰਡ ਨੰ: | ਕੌਂਸਲਰ ਦਾ ਨਾਮ |
|---|---|---|
| 1 | 5 | ਸ੍ਰੀ ਸੁਨੀਲ ਜਯੋਤੀ, ਮੇਅਰ |
| 2 | 45 | ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨੀਅਰ ਡਿਪਟੀ ਮੇਅਰ, |
| 3 | 29 | ਸ੍ਰੀਮਤੀ ਅਰਵਿੰਦਰ ਕੌਰ, ਡਿਪਟੀ ਮੇਅਰ |
| 4 | 1 | ਸ੍ਰੀ ਦੇਸ਼ ਰਾਜ ਜੱਸਲ, ਕੌਂਸਲਰ |
| 5 | 2 | ਸ੍ਰੀਮਤੀ ਪ੍ਰੇਮ ਲੱਤਾ, ” |
| 6 | 3 | ਸ੍ਰੀਮਤੀ ਦਵਿੰਦਰ ਕੌਰ, ” |
| 7 | 4 | ਸ੍ਰੀ ਭਗਵੰਤ ਰਾਏ ਪ੍ਰਭਾਕਰ, ” |
| 8 | 6 | ਸ੍ਰੀਮਤੀ ਰੀਨਾ ਕੌਰ, ” |
| 9 | 7 | ਸ੍ਰੀ ਬਾਲ ਕਿਸ਼ਨ ਬਾਲੀ, ” |
| 10 | 8 | ਸ੍ਰੀਮਤੀ ਦਲਵਿੰਦਰ ਕੌਰ, ” |
| 11 | 9 | ਸ੍ਰੀਮਤੀ ਸੁਦੇਸ਼ ਰਾਣੀ, ” |
| 12 | 10 | ਸ੍ਰੀਮਤੀ ਸਿਮਰਜੀਤ ਕੌਰ, ” |
| 13 | 11 | ਸ੍ਰੀ ਬਲਬੀਰ ਸਿੰਘ ਢਿਲੋਂ, ” |
| 14 | 12 | ਸ੍ਰੀਮਤੀ ਗੁਰਮੇਜ਼ ਕੌਰ, ” |
| 15 | 13 | ਸ੍ਰੀ ਮਨਦੀਪ ਕੁਮਾਰ ਜੱਸਲ, ” |
| 16 | 14 | ਸ੍ਰੀਮਤੀ ਮਨਜੀਤ ਕੌਰ, ” |
| 17 | 16 | ਸ੍ਰੀ ਅਰਜੁਨ ਸਿੰਘ ਪੱਪੀ, ” |
| 18 | 17 | ਸ੍ਰੀ ਪਲਨੀ ਅੱਪਨ, ” |
| 19 | 18 | ਸ੍ਰੀਮਤੀ ਸੁਮਨ ਸਹਿਗਲ, ” |
| 20 | 19 | ਸ੍ਰੀ ਅਮਿਤ ਢੱਲ, ” |
| 21 | 20 | ਸ੍ਰੀ ਅਸ਼ਵਨੀ ਭੰਡਾਰੀ, ” |
| 22 | 21 | ਸ੍ਰੀਮਤੀ ਦਲਵਿੰਦਰ ਕੌਰ ਗਾਂਧੀ, ” |
| 23 | 22 | ਸ੍ਰੀ ਕੰਵਲਜੀਤ ਸਿੰਘ ਬੇਦੀ, ” |
| 24 | 23 | ਸ੍ਰੀਮਤੀ ਸੁਲੇਖਾ ਭਗਤ, ” |
| 25 | 24 | ਸ੍ਰੀ ਗੁਰਵਿੰਦਰ ਬੰਟੀ ਨੀਲ ਕੰਠ, ” |
| 26 | 25 | ਸ੍ਰੀ ਰਾਮ ਗੋਪਾਲ , ” |
| 27 | 26 | ਸ੍ਰੀਮਤੀ ਕੰਵਲਜੀਤ ਕੌਰ ਗੁੱਲੂ, ” |
| 28 | 27 | ਸ੍ਰੀ ਕ੍ਰਿਸ਼ਨ ਕੋਚਰ, ” |
| 29 | 28 | ਸ੍ਰੀ ਵਰਿੰਦਰ ਪਾਲ ਸ਼ਰਮਾ , ” |
| 30 | 30 | ਸ੍ਰੀਮਤੀ ਉਮਾ ਬੇਰੀ, ” |
| 31 | 31 | ਸ੍ਰੀਮਤੀ ਰਮਿੰਦਰ ਕੌਰ ਢੀਂਡਸਾ, ” |
| 32 | 32 | ਸ੍ਰੀਮਤੀ ਸੱਤਿਆ, ” |
| 33 | 33 | ਸ੍ਰੀਮਤੀ ਨੀਰਜਾ ਜੈਨ, ” |
| 34 | 34 | ਸ੍ਰੀਮਤੀ ਕੰਚਨ ਸ਼ਰਮਾ, ” |
| 35 | 35 | ਸ੍ਰੀ ਜ਼ੋਗਿੰਦਰ ਸਿੰਘ ਟੋਨੀ, ” |
| 36 | 36 | ਸ੍ਰੀਮਤੀ ਅਨੀਤਾ , ” |
| 37 | 37 | ਸ੍ਰੀ ਜਗਦੀਸ਼ ਰਾਜ, ” |
| 38 | 38 | ਸ੍ਰੀ ਰਵੀ ਮਹਿੰਦਰੂ, ” |
| 39 | 39 | ਸ੍ਰੀਮਤੀ ਜਸਪਾਲ ਕੌਰ ਨਾਗਰਾ, ” |
| 40 | 40 | ਸ੍ਰੀ ਪ੍ਰਦੀਪ ਸਿੰਘ, ” |
| 41 | 42 | ਸ੍ਰੀ ਬਲਦੇਵ ਸਿੰਘ, ” |
| 42 | 43 | ਸ੍ਰੀ ਪ੍ਰੀਤਮ ਸਿੰਘ, ” |

| | | |
|---|---|---|
| 43 | 44 | ਸ਼੍ਰੀਮਤੀ ਗੁਰਵਿੰਦਰ ਕੌਰ, ” |
| 44 | 46 | ਸ਼੍ਰੀ ਸ਼ੁਸ਼ੀਲ ਕੁਮਾਰ ਰਿੰਕੂ, ” |
| 45 | 47 | ਸ਼੍ਰੀ ਹਰੀਸਿਮਰਨਜੀਤ , ” |
| 46 | 48 | ਸ਼੍ਰੀਮਤੀ ਅਮਨਜੀਤ ਕੌਰ ਮੇਜਰ, ” |
| 47 | 51 | ਸ਼੍ਰੀ ਤਰਸੇਮ ਸਿੰਘ, ” |
| 48 | 52 | ਸ਼੍ਰੀ ਕਸਤੂਰੀ ਲਾਲ, ” |
| 49 | 53 | ਸ਼੍ਰੀ ਵਿਪਨ ਕੁਮਾਰ, ” |
| 50 | 54 | ਸ਼੍ਰੀ ਪਵਨ ਕੁਮਾਰ, ” |
| 51 | 55 | ਸ਼੍ਰੀਮਤੀ ਅਰੁਨਾ ਅਰੋੜਾ, ” |
| 52 | 56 | ਸ਼੍ਰੀਮਤੀ ਸਰਬਜੀਤ ਕੌਰ, ” |
| 53 | 57 | ਸ਼੍ਰੀ ਬਲਰਾਜ ਠਾਕੁਰ, ” |
| 54 | 59 | ਸ਼੍ਰੀ ਦਰਸ਼ਨ ਲਾਲ, ” |
| 55 | 60 | ਸ਼੍ਰੀਮਤੀ ਪਰਮਿੰਦਰ ਕੌਰ ਪੰਨੂ, ” |

ਸਹੀ/- ਸੁਨੀਲ ਜਯੋਤੀ, ਮੇਅਰ
1.12.2015

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਵਲੋਂ ਕਮਿਸ਼ਨਰ, ਨਗਰ ਨਿਗਮ, ਜਲੰਧਰ, ਸ਼੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ, ਸ਼੍ਰੀਮਤੀ ਅਰਵਿੰਦਰ ਕੌਰ ਓਬਰਾਏ, ਡਿਪਟੀ ਮੇਅਰ, ਸਮੂਹ ਕੌਂਸਲਰ ਸਾਹਿਬਾਨ, ਅਤੇ ਮੀਡਿਆ ਤੋਂ ਆਏ ਹੋਏ ਨੁਮਾਇੰਦਿਆਂ ਨੂੰ ਜੀ ਆਇਆ ਆਖਿਆ । ਉਹਨਾਂ ਆਖਿਆ ਕਿ ਅੱਜ ਵਿਸ਼ੇਸ਼ ਤੌਰ ਤੇ ਸਿੰਗਲ ਆਈਟਮ ਦੇ ਅਜੰਡੇ ਤੇ ਬੈਠਕ ਬੁਲਾਈ ਗਈ ਹੈ । ਸਮੂਹ ਜਲੰਧਰ ਵਾਸੀਆਂ ਅਤੇ ਹਾਊਸ ਵਧਾਈ ਦਾ ਪਾਤਰ ਹੈ ਕਿ ਜਲੰਧਰ ਸ਼ਹਿਰ ਭਾਰਤ ਸਰਕਾਰ ਦੇ ਮਿਨੀਸਟਰੀ ਆਫ ਅਰਬਨ ਡਿਵੈਲਪਮੈਂਟ ਦੇ ਸਮਾਰਟ ਸਿਟੀ ਮਿਸ਼ਨ ਤਹਿਤ ਪਹਿਲੇ 100 ਸ਼ਹਿਰਾਂ ਵਿੱਚ ਚੁਣਿਆ ਗਿਆ ਹੈ । ਹੁਣ ਅਗਲੇ ਕੰਪੀਟੀਸ਼ਨ ਤਹਿਤ ਪਹਿਲੇ 20 ਸ਼ਹਿਰਾਂ ਵਿੱਚ ਜਲੰਧਰ ਸ਼ਹਿਰ ਨੂੰ ਸ਼ਾਮਲ ਕਰਨ ਲਈ ਨਗਰ ਨਿਗਮ ਦੇ ਸਮੂਹ ਕੌਂਸਲਰ ਅਤੇ ਅਧਿਕਾਰੀ ਪੂਰਾ ਜ਼ੋਰ ਲਗਾ ਰਹੇ ਹਨ । ਭਾਰਤ ਸਰਕਾਰ ਦੇ ਇਸ ਮਿਸ਼ਨ ਤਹਿਤ ਨਗਰ ਨਿਗਮ, ਜਲੰਧਰ ਵਲੋਂ ਆਪਣੇ ਵਿਸ਼ੇਸ਼ ਅਧਿਕਾਰ ਅੱਜ ਦੇ ਮਤੇ ਦੇ ਰੂਪ ਵਿੱਚ ਪ੍ਰਵਾਨ ਕਰਦੇ ਹੋਏ ਸੌਂਪੇ ਜਾਣੇ ਹਨ । ਕਲ੍ਹ ਮਿਤੀ 30.11.2015 ਨੂੰ ਇਸੇ ਮੰਤਵ ਲਈ ਇੱਕ ਪ੍ਰੀ-ਹਾਊਸ ਮੀਟਿੰਗ ਵਿੱਚ ਪਰੈਜਨਟੇਸ਼ਨ ਦਿੱਤੀ ਗਈ ਸੀ । ਜਿਸ ਵਿੱਚ ਦੱਸਿਆ ਗਿਆ ਸੀ ਕਿ ਕਿਸ ਤਰ੍ਹਾਂ ਜਲੰਧਰ ਸ਼ਹਿਰ ਦੀ ਪਹਿਲੇ 100 ਸ਼ਹਿਰਾਂ ਵਿੱਚ ਚੋਣ ਹੋਈ ਅਤੇ ਕਿਸ ਤਰ੍ਹਾਂ ਹੁਣ ਸਮਾਰਟ ਸਿਟੀ ਪਰਪੋਜ਼ਲ ਮੈਸਰਜ਼ ਆਈ.ਆਈ.ਡੀ.ਸੀ. ਕੰਸਲਟੈਂਸੀ ਫਰਮ ਵਲੋਂ ਸ਼ਹਿਰ ਵਾਸੀਆਂ ਦੀ ਸਿਟੀਜ਼ਨ ਪਾਰਟੀਸਿਪੇਸ਼ਨ ਤਹਿਤ ਤਿਆਰ ਕੀਤੀ ਗਈ ਹੈ ਅਤੇ ਅਗਲੇ 30 ਸਾਲਾਂ ਦੇ ਵਿਜ਼ਨ ਨੂੰ ਮੁੱਖ ਰਖਦੇ ਹੋਏ ਜਲੰਧਰ ਸ਼ਹਿਰ ਨੂੰ ਕਿਸ ਤਰ੍ਹਾਂ ਸਮਾਰਟ ਬਨਾਇਆ ਜਾਵੇਗਾ, ਸਬੰਧੀ ਜਾਣਕਾਰੀ ਦਿੱਤੀ ਗਈ ।

ਇਸ ਉਪਰੰਤ ਮੇਅਰ ਜੀ ਵਲੋਂ ਸਮੂਹ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜੰਡੇ ਨੂੰ ਪੜ੍ਹਣ ਤੋਂ ਪਹਿਲਾਂ ਕੁਝ ਦਿਵੰਗਤ ਆਤਮਾਂਵਾਂ ਜਿਹੜੀਆਂ ਪਿਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ ਜਿਨ੍ਹਾਂ ਵਿੱਚ ਪਦਮਸ਼੍ਰੀ ਵਿਜੈ ਚੋਪੜਾ, ਮੁੱਖ ਸੰਪਾਦਕ, ਹਿੰਦ ਸਮਾਚਾਰ ਗਰੁੱਪ ਜੀ ਦੀ ਪਤਨੀ ਸ਼੍ਰੀਮਤੀ ਸਵਦੇਸ਼ ਚੋਪੜਾ, ਸਾਬਕਾ ਮੰਤਰੀ ਚੋਧਰੀ ਜਗਜੀਤ ਸਿੰਘ, ਸਾਬਕਾ ਕੌਂਸਲਰ ਸ਼੍ਰੀ ਸ਼ਿਵ ਦਿਆਲ ਚੁੱਘ ਦੀ ਭੈਣ ਸ਼੍ਰੀਮਤੀ ਕ੍ਰਿਸ਼ਨਾ ਦੇਵੀ, ਕੌਂਸਲਰ ਸ਼੍ਰੀਮਤੀ ਨੀਰਜਾ ਜੈਨ ਜੀ ਦੇ ਸਸੁਰ, ਕੌਂਸਲਰ ਸ਼੍ਰੀ ਜ਼ੋਗਿੰਦਰ ਸਿੰਘ ਟੋਨੀ ਦੇ ਅੰਕਲ, ਕੌਂਸਲਰ ਸ਼੍ਰੀ ਕਸਤੂਰੀ ਲਾਲ ਜੀ ਦੇ ਮਾਤਾ, ਸਾਬਕਾ ਕੌਂਸਲਰ ਸ਼੍ਰੀ ਸਰਦਾਰੀ ਲਾਲ ਦੇ ਪੁੱਤਰ, ਸਾਬਕਾ ਡਿਪਟੀ ਮੇਅਰ ਡਾ: ਤਰਸੇਮ ਲਾਲ ਭਾਰਦਵਾਜ ਦੇ ਪੁੱਤਰ ਸ਼੍ਰੀ ਵਿਜੈ ਕੁਮਾਰ ਭਾਰਦਵਾਜ, ਸ਼੍ਰੀ ਅਸ਼ਵਨੀ ਕੁਮਾਰ, ਆਈ.ਪੀ.ਐਸ., ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਸ਼੍ਰੀ ਗੁਰਬਚਨ ਸਿੰਘ ਕਥੂਰੀਆ ਦੀ ਪਤਨੀ ਸ਼੍ਰੀਮਤੀ ਕੁਲਜੀਤ ਕੌਰ ਕਥੂਰੀਆਂ, ਲੀਡਰ ਵਾਲਵਸ ਦੇ ਮਾਲਿਕ ਸ਼੍ਰੀ ਜੇ.ਕੇ.ਬੇਰੀ, ਸਾਬਕਾ ਕਾਰਜਕਾਰੀ ਇੰਜੀਨਿਅਰ ਸ਼੍ਰੀ ਮੁਕੇਸ਼ ਧਵਨ ਅਤੇ ਵਾਰਡ ਨੰ: 39 ਵਿੱਚ ਸੀਵਰੇਜ਼ ਦੇ ਗਟਰ ਵਿੱਚ ਡਿਗੱਣ ਕਾਰਣ ਇੱਕ ਬੱਚੇ ਦੀ ਹੋਈ ਮੌਤ ਤੇ ਸਮੂਹ ਹਾਊਸ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਪਰਮ-ਪਿਤਾ ਪਰਮਾਤਮਾਂ ਅੱਗੇ ਅਰਦਾਸ ਕਰਦਾ ਹੈ ਕਿ ਇਹਨਾਂ ਵਿਛੜੀਆਂ ਆਤਮਾਂਵਾਂ ਨੂੰ ਆਪਣੇ ਚਰਨੀ ਲਗਾਏ । ਇਸ ਉਪਰੰਤ ਸਮੂਹ ਹਾਊਸ ਵਲੋਂ ਖੜੇ ਹੋ ਕੇ ਦੋ ਮਿੰਟ ਦਾ ਮੌਨ ਧਾਰਣ ਕੀਤਾ ਗਿਆ ।

ਇਸ ਉਪਰੰਤ ਮੇਅਰ ਜੀ ਨੇ ਅੱਧੇ ਘੰਟੇ ਦਾ ਜ਼ੀਰੋ ਆਵਰ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ।

ਸ਼੍ਰੀ ਜ਼ੋਗਿੰਦਰ ਸਿੰਘ ਟੋਨੀ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਪਿਛਲੇ ਦਿਨੀਂ ਉਹਨਾਂ ਦੇ ਵਾਰਡ ਵਿੱਚ ਤਹਿਬਜ਼ਾਰੀ ਸ਼ਾਖਾ ਵਲੋਂ ਰੇਹੜੀਆਂ ਆਦਿ ਹਟਾਉਣ ਦੀ ਕਾਰਵਾਈ ਕਰਨ ਵੇਲੇ ਉਹਨਾਂ ਵਲੋਂ ਵਿਰੋਧ ਕੀਤਾ ਗਿਆ ਜਿਸ ਤੇ ਮੇਅਰ ਜੀ ਨੇ ਇਨਕੁਆਰੀ ਕਰਨ ਦੇ ਆਦੇਸ਼ ਦਿੱਤੇ ਅਤੇ ਸੰਯੁਕਤ ਕਮਿਸ਼ਨਰ ਵਲੋਂ ਉਹਨਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ ਜ਼ੋ ਕਿ ਸਰਾਸਰ

ਗਲ਼ਤ ਹੈ । ਤਹਿਬ਼ਜਾਰੀ ਸ਼ਾਖਾ ਵਲੋਂ ਨਜਾਇਜ਼ ਵਸੂਲੀ ਜ਼ੋਰਾਂ-ਸ਼ੋਰਾਂ ਤੇ ਕੀਤੀ ਜਾ ਰਹੀ ਹੈ । ਉਹਨਾਂ ਤਹਿਬ਼ਜਾਰੀ ਸੁਪਰਡੰਟ ਦੇ ਤਬਾਦਲੇ ਦੀ ਮੰਗ ਕੀਤੀ । ਉਹਨਾਂ ਕਿਹਾ ਕਿ ਇਸ ਮਾਮਲੇ ਤੇ ਹਾਊਸ 11 ਮੈਂਬਰੀ ਕਮੇਟੀ ਗਠਤ ਕਰੇ ।

ਮੇਅਰ ਜੀ ਵਲੋਂ ਕਿਹਾ ਗਿਆ ਕਿ ਉਹਨਾਂ ਵਲੋਂ ਕੋਈ ਇਨਕੁਆਰੀ ਕਰਨ ਬਾਰੇ ਆਦੇਸ਼ ਨਹੀਂ ਦਿੱਤੇ ਗਏ ਬਲਕਿ ਉਹਨਾਂ ਵਲੋਂ ਦਫ਼ਤਰ ਪਾਸੋਂ ਇਸ ਮਾਮਲੇ ਸਬੰਧੀ ਰਿਪੋਰਟ ਦੇਣ ਲਈ ਆਦੇਸ਼ ਦਿੱਤੇ ਗਏ ਸਨ । ਉਹਨਾਂ ਸੰਯੁਕਤ ਕਮਿਸ਼ਨਰ ਨੂੰ ਇਸ ਬਾਰੇ ਹਾਊਸ ਨੂੰ ਜਾਣਕਾਰੀ ਦੇਣ ਲਈ ਕਿਹਾ ।

ਸੰਯੁਕਤ ਕਮਿਸ਼ਨਰ ਵਲੋਂ ਦੱਸਿਆ ਗਿਆ ਕਿ ਉਹਨਾਂ ਖੁਦ ਸ੍ਰੀ ਜ਼ੋਗਿੰਦਰ ਸਿੰਘ ਟੋਨੀ, ਕੋਂਸਲਰ ਨੂੰ ਮੋਬਾਇਲ ਤੇ ਦੋ-ਤਿੰਨ ਵਾਰ ਇਸ ਸਬੰਧੀ ਗੱਲਬਾਤ ਕੀਤੀ ਗਈ ਕਿ ਉਹ ਇਸ ਸਬੰਧੀ ਜ਼ੋ ਵੀ ਕਹਿਣਾ ਚਾਹੁੰਦੇ ਹਨ, ਦੱਸਣ।

ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਮੁੱਦਾ ਉਠਾਇਆ ਗਿਆ ਕਿ ਅੱਜ ਦੀ ਇਹ ਮੀਟਿੰਗ ਸੱਤ ਮਹੀਨਿਆਂ ਬਾਅਦ ਬੁਲਾਈ ਗਈ ਹੈ, ਉਹ ਵੀ ਸਿੰਗਲ ਆਈਟਮ ਤੇ । ਇਹ ਬੜੀ ਅਫਸੋਸ ਦੀ ਗੱਲ ਹੈ । ਸਮਾਰਟ ਸਿਟੀ ਮਿਸ਼ਨ ਤਹਿਤ ਜਲੰਧਰ ਸ਼ਹਿਰ ਚੁਣਿਆ ਗਿਆ ਹੈ, ਬਹੁਤ ਚੰਗੀ ਗਲ੍ਹ ਹੈ ।ਉਹਨਾਂ ਕਿਹਾ ਕਿ ਉਹ ਸ੍ਰੀ ਜ਼ੋਗਿੰਦਰ ਸਿੰਘ ਟੋਨੀ, ਕੋਂਸਲਰ ਦੀ ਗੱਲ ਨਾਲ ਸਹਿਮਤ ਹਨ । ਨਗਰ ਨਿਗਮ ਵਿੱਚ ਭ੍ਰਿਸ਼ਟਾਚਾਰ ਕਾਫੀ ਵੱਧ ਚੁੱਕਾ ਹੈ ਅਤੇ ਜੇਕਰ ਹਾਊਸ ਦੀ ਮੀਟਿੰਗ ਹਰ ਮਹੀਨੇ ਬਲਕਿ ਹਰ ਹਫ਼ਤੇ ਬੁਲਾ ਲਈ ਜਾਵੇ ਤਾਂ ਭ੍ਰਿਸ਼ਟਾਚਾਰ ਤੇ ਕਾਫੀ ਨਕੇਲ ਕੱਸੀ ਜਾ ਸਕਦੀ ਹੈ ।ਉਹਨਾਂ ਅੱਗੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਅਸੀਂ ਆਪਣੇ ਸਾਰੇ ਅਧਿਕਾਰ ਐਸ.ਪੀ.ਵੀ. ਨੂੰ ਦੇਣ ਜਾ ਰਹੇ ਹਨ ਪ੍ਰੰਤੂ ਐਸ.ਪੀ.ਵੀ. ਵਿੱਚ ਚੁਣੇ ਹੋਏ ਨੁਮਾਇੰਦਿਆਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਕਿਉਂਜੋ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਦੀਆਂ ਸਮੱਸਿਆਵਾਂ ਕੋਂਸਲਰ ਅਤੇ ਐਮ.ਐਲ.ਏਜ਼ ਨੂੰ ਹੀ ਪਤਾ ਹੁੰਦੀਆਂ ਹਨ । ਉਹਨਾਂ ਇਹ ਵੀ ਕਿਹਾ ਕਿ ਐਸ.ਪੀ.ਵੀ. ਵਿੱਚ ਸਮੂਹ ਪਾਰਟੀਆਂ ਦੇ ਮੈਂਬਰ ਸ਼ਾਮਲ ਕੀਤੇ ਜਾਣ । ਹਾਊਸ ਦੀ ਰੈਗੂਲਰ ਮੀਟਿੰਗ ਬੁਲਾਈ ਜਾਵੇ ਅਤੇ ਰੈਗੂਲਰ ਜਵਾਬ ਵੀ ਲਏ ਜਾਣ । ਉਹਨਾਂ ਕਿਹਾ ਕਿ ਜੇਕਰ ਐਸ.ਪੀ.ਵੀ. ਵਿੱਚ ਚੁਣੇ ਹੋਏ ਨੁਮਾਇੰਦੇ ਨਹੀਂ ਲਏ ਜਾਂਦੇ ਤਾਂ ਉਹ ਇਸ ਮਤੇ ਸਬੰਧੀ ਆਪਣੀ ਅਸਹਿਮਤੀ ਪ੍ਰਗਟ ਕਰਦੇ ਹਨ ।ਇਸ ਤੋਂ ਇਲਾਵਾ ਪਿਛਲੇ ਦਿਨੀਂ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਦਫ਼ਤਰ ਵਲੋਂ ਇਹ ਦੱਸਿਆ ਗਿਆ ਕਿ ਲਗਭਗ 25 ਕਰੋੜ ਦੀ ਦੇਣਦਾਰੀ ਹੈ ਅਤੇ 50 ਲੱਖ ਹੱਥ ਵਿੱਚ ਹਨ। ਇਸ ਦੇ ਬਾਵਜੂਦ ਸਮੂਹ ਕੌਂਸਲਰਾਂ ਪਾਸੋਂ 30-30 ਲੱਖ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਲਗਾਉਣ ਲਈ ਸੂਚੀ ਮੰਗੀ ਜਾ ਰਹੀਂ ਹੈ ।

ਮੇਅਰ ਜੀ ਵਲੋਂ ਦੱਸਿਆ ਕਿ ਕਲ੍ਹ ਮਿਤੀ 30.11.2015 ਨੂੰ ਜਿਹੜੀ ਪਰੈਜ਼ਨਟੇਸ਼ਨ ਸਮਾਰਟ ਸਿਟੀ ਪ੍ਰੋਜੈਕਟ ਸਬੰਧੀ ਰੱਖੀ ਗਈ ਸੀ, ਉਸ ਵਿੱਚ ਤਾਂ ਤੁਸੀਂ ਆਏ ਨਹੀਂ । ਜਦ ਕਿ ਇਹ ਇੱਕ ਬਹੁਤ ਵੱਡਾ ਪ੍ਰੋਜੈਕਟ ਹੈ ਅਤੇ ਉਹਨਾਂ ਵਲੋਂ ਸਮੂਹ ਕੌਂਸਲਰ ਸਾਥੀਆਂ ਨੂੰ ਇਸ ਪਰੈਜਨਟੇਸ਼ਨ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਸੀ । ਉਹਨਾਂ ਕਿਹਾ ਕਿ ਜਦ ਮੌਜੂਦਾ ਹਾਊਸ ਦਾ ਗਠਨ ਹੋਇਆ ਸੀ ਤਾਂ ਲਗਭਗ 100 ਕਰੋੜ ਰੁਪਏ ਦੀ ਦੇਣਦਾਰੀ ਸੀ ਜਿਸ ਵਿੱਚੋਂ 75 ਕਰੋੜ ਰੁਪਏ ਦੀ ਦੇਣਦਾਰੀ ਖ਼ਤਮ ਹੋ ਚੁੱਕੀ ਹੈ ਅਤੇ ਲਗਭਗ 25 ਕਰੋੜ ਰੁਪਏ ਦੀ ਦੇਣਦਾਰੀ ਬਾਕੀ ਹੈ । ਇਸ ਸਾਲ ਮਾਰਚ ਮਹੀਨੇ ਤੱਕ ਦੀ ਸਾਰੀ ਬਕਾਇਆ ਰਾਸ਼ੀ ਵੀ ਅਦਾ ਕੀਤੀ ਜਾ ਚੁੱਕੀ ਹੈ ਅਤੇ ਅਪ੍ਰੈਲ, 2015 ਤੋਂ ਹੁਣ ਤੱਕ ਦੀ ਹੀ ਇਹ ਦੇਣਦਾਰੀ ਬਕਾਇਆ ਰਹਿੰਦੀ ਹੈ ।ਇਸ ਦੇ ਬਾਵਜੂਦ ਪਿਛਲੇ ਤਿੰਨ ਸਾਲਾਂ ਵਿੱਚ ਲਗਭਗ 350 ਕਰੋੜ ਰੁਪਏ ਵਿਕਾਸ ਦੇ ਕੰਮਾਂ ਤੇ ਖ਼ਰਚ ਕੀਤੇ ਗਏ ਹਨ । ਮੇਅਰ ਜੀ ਵਲੋਂ ਭ੍ਰਿਸ਼ਟਾਚਾਰ ਸਬੰਧੀ ਉਠਾਏ ਗਏ ਸਵਾਲਾਂ ਦੇ ਸਬੰਧ ਵਿੱਚ ਕਿਹਾ ਕਿ ਭ੍ਰਿਸ਼ਟਾਚਾਰ ਹੈ ਪ੍ਰੰਤੂ ਅਸੀਂ ਸਾਰੇ ਮਹਿਕਮਿਆਂ ਜਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਭ੍ਰਿਸ਼ਟਾਚਾਰ ਦੀ ਸੂਚੀ ਵਿੱਚ ਨਹੀਂ ਸ਼ਾਮਲ ਕਰ ਸਕਦੇ । ਉਹ ਖੁਦ ਇਸ ਸਬੰਧੀ ਜਾਂਚ ਕਰਨਗੇ ।

ਸ੍ਰੀ ਰਾਮ ਗੋਪਾਲ ਗੁਪਤਾ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹ ਸ੍ਰੀ ਜ਼ੋਗਿੰਦਰ ਸਿੰਘ ਟੋਨੀ, ਕੋਂਸਲਰ ਅਤੇ ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਦੀਆਂ ਗੱਲਾਂ ਨਾਲ ਸਹਿਮਤ ਹਨ ਕਿ ਨਗਰ ਨਿਗਮ ਵਿੱਚ ਭ੍ਰਿਸ਼ਟਾਚਾਰ ਬਹੁਤ ਵੱਧ ਚੁੱਕਾ ਹੈ । ਉਹਨਾਂ ਕਿਹਾ ਕਿ ਇਸ ਭ੍ਰਿਸ਼ਟਾਚਾਰ ਨੂੰ ਦੂਰ ਕਰਨ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ ।

ਸ੍ਰੀ ਪਵਨ ਕੁਮਾਰ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਜਿਹੜੇ ਫੰਡ ਅਣਅਧਿਕਾਰਤ ਕਲੋਨੀਆਂ, ਪਲਾਟਾਂ ਅਤੇ ਬਿਲਡਿੰਗਾਂ ਨੂੰ ਰੈਗੂਲਰ ਕਰਕੇ ਇੱਕਠੇ ਕੀਤੇ ਗਏ ਸਨ, ਉਹ ਉਹਨਾਂ ਕਲੋਨੀਆਂ ਦੇ ਵਿਕਾਸ ਦੇ ਕੰਮਾਂ ਤੇ ਖ਼ਰਚ ਕੀਤੇ ਜਾਣ । ਪ੍ਰਾਪਰਟੀ ਟੈਕਸ ਦਾ ਪੈਸਾ ਕਿਥੇ ਖਰਚ ਹੋ ਰਿਹਾ ਹੈ, ਦੱਸਿਆ ਜਾਵੇ ।ਵਿਕਾਸ ਦੇ ਕੰਮਾਂ ਦੇ ਤਖ਼ਮੀਨੇ ਨਹੀਂ ਬਣਾਏ ਜਾ ਰਹੇ । ਉਹਨਾਂ ਕਿਹਾ ਕਿ ਪਿਛਲੀ ਮੀਟਿੰਗ ਵਿੱਚ ਵੀ ਉਹਨਾਂ ਮੁੱਦਾ ਉਠਾਇਆ ਸੀ ਕਿ ਉਹਨਾਂ ਦੇ ਵਾਰਡ ਵਿੱਚ ਇੱਕ ਹੱਡਾ-ਰੋੜੀ ਚਲਦੀ ਹੈ ਜਿਸ ਨਾਲ ਲਗਭਗ 2 ਤੋਂ 3 ਕਿਲੋਮੀਟਰ ਤੱਕ ਬਦਬੂ ਆਉਂਦੀ ਰਹਿੰਦੀ ਹੈ । ਇੱਕ ਪਾਸੇ ਤਾਂ ਅਸੀਂ ਆਪਣਾ ਸ਼ਹਿਰ ਸਮਾਰਟ ਬਨਾਉਣ ਬਾਰੇ ਕੰਮ ਕਰ ਰਹੇ ਹਾਂ ਪ੍ਰੰਤੂ ਇਸ ਹੱਡਾ-ਰੋੜੀ ਨੂੰ ਉਥੋਂ ਸ਼ਿਫਟ ਨਹੀਂ ਕੀਤਾ ਜਾ ਰਿਹਾ ਜਦ ਕਿ ਜਮਸ਼ੇਰ ਡੈਅਰੀ ਕੰਪਲੈਕਸ ਵਿੱਚ ਇਸ ਮੰਤਵ ਲਈ ਥਾਂ ਵੀ ਰਾਖ਼ਵੀਂ ਪਈ ਹੈ ।ਉਹਨਾਂ ਇਹ ਵੀ ਕਿਹਾ ਕਿ ਬਿਜਲੀ ਦੇ ਬਿਲਾਂ ਨਾਲ ਇੰਨਫਰਾਸਟਰਕਚਰ ਸੈਸ ਵਜੋਂ ਪੈਸੇ ਵਸੂਲੇ ਜਾ ਰਹੇ ਹਨ, ਸਾਨੂੰ ਇਹ ਪੈਸੇ ਪੀ.ਐਸ.ਪੀ.ਸੀ.ਐਲ. ਪਾਸੋਂ ਲੈ ਕੇ ਵਿਕਾਸ ਦੇ ਕੰਮਾਂ ਤੇ ਖ਼ਰਚ ਕੀਤੇ ਜਾਣੇ ਚਾਹੀਦੇ ਹਨ ।

ਮੇਅਰ ਜੀ ਵਲੋਂ ਦੱਸਿਆ ਗਿਆ ਕਿ ਪ੍ਰਾਪਰਟੀ ਟੈਕਸ ਦਾ ਪੈਸਾ ਵਿਕਾਸ ਦੇ ਕੰਮਾ ਤੇ ਹੀ ਖਰਚ ਹੋ ਰਿਹਾ ਹੈ । ਜਿੱਥੋਂ ਤੱਕ ਹੱਡਾ-ਰੋਡੀ ਦਾ ਸਵਾਲ ਹੈ, ਉਹ ਖੁਦ ਕਮਿਸ਼ਨਰ ਜੀ ਨਾਲ ਮੌਕਾ ਵੇਖ ਕੇ ਇਹ ਮਾਮਲਾ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਨਾਲ ਉਠਾਉਣਗੇ।

ਸ੍ਰੀ ਕ੍ਰਿਸ਼ਨ ਕੋਛੜ, ਕੌਂਸਲਰ ਵਲੋਂ ਕਿਹਾ ਗਿਆ ਕਿ ਜਿਹੜੀ 100 ਕਰੋੜ ਦੀ ਦੇਣਦਾਰੀ ਵਿੱਚੋਂ 75 ਕਰੋੜ ਦੀ ਦੇਣਦਾਰੀ ਖ਼ਤਮ ਕਰਨ ਬਾਰੇ ਕਿਹਾ ਜਾ ਰਿਹਾ ਹੈ, ਉਸ ਵਿੱਚ 60 ਕਰੋੜ ਰੁਪਏ ਹੁਡਕੋ ਤੋਂ ਕਰਜਾ ਲੈ ਕੇ ਦਿੱਤੇ ਗਏ ਹਨ । ਉਹਨਾਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਮੁੱਦੇ ਤੇ ਚੁਣੇ ਹੋਏ ਨੁਮਾਇੰਦੇ ਵੀ ਜਵਾਬਦੇਹ ਹਨ । ਜਦ ਤੱਕ ਭ੍ਰਿਸ਼ਟਾਚਾਰ ਦੂਰ ਨਹੀਂ ਹੁੰਦਾ, ਤਦ ਤੱਕ ਕੋਈ ਸ਼ਹਿਰ ਸਮਾਰਟ ਨਹੀਂ ਬਣ ਸਕਦਾ ।

ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਐਡਮਿਟ ਕੀਤਾ ਹੈ ਕਿ ਨਗਰ ਨਿਗਮ ਵਿੱਚ ਭ੍ਰਿਸ਼ਟਾਚਾਰ ਵੱਧਿਆ ਹੈ । ਇਸ ਸਬੰਧ ਉਹਨਾਂ ਵਲੋਂ ਕਈ ਵਾਰ ਹਾਊਸ ਵਿੱਚ ਮੁੱਦਾ ਉਠਾਇਆ ਗਿਆ । ਹਰ ਡਿਪਾਰਮੈਂਟ ਵਿੱਚ ਚਰਚਾ ਕੀਤੀ ਗਈ । ਪ੍ਰੰਤੂ ਹਰ ਵਾਰ ਇਹ ਜਾਣਕਾਰੀ ਦਿੱਤੀ ਜਾਂਦੀ ਰਹੀ ਹੈ ਕਿ ਕਾਰਵਾਈ ਕਰ ਰਹੇ ਹਾਂ । ਅਸੀਂ ਲੋਕਾਂ ਨੂੰ ਜਵਾਬਦੇਹ ਹਾਂ । ਅਸੀਂ ਨਗਰ ਨਿਗਮ ਦੇ ਕਸਟੋਡੀਅਨ ਹਾਂ ਪ੍ਰੰਤੂ ਬਿਲਡਿੰਗ ਸ਼ਾਖਾ ਵਿੱਚ ਭ੍ਰਿਸ਼ਟਾਚਾਰ ਦੀਆਂ ਸਾਰੀਆਂ ਹਦਾਂ ਲੰਘ ਚੁੱਕਾ ਹੈ । ਸ਼ਹਿਰ ਅੰਦਰ ਨਜਾਇਜ਼ ਬਿਲਡਿੰਗਾਂ ਬਣ ਰਹੀਆਂ ਹਨ। ਜਿਹੜਾ ਪੈਸਾ ਨਗਰ ਨਿਗਮ ਦੇ ਖਾਤੇ ਆਉਣਾ ਚਾਹੀਦਾ ਸੀ ਉਹ ਬਿਲਡਿੰਗ ਸ਼ਾਖਾ ਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਜੇਬਾਂ ਵਿੱਚ ਗਿਆ ਹੈ । ਇਸ ਦੀ ਜਾਂਚ ਹੋਣੀ ਚਾਹੀਦੀ ਹੈ । ਪਿਛੇ ਜਿਹੇ ਉਹਨਾਂ ਸ੍ਰੀ ਰਵੀ ਮਹਿੰਦਰੂ, ਕੌਂਸਲਰ , ਸੰਯੁਕਤ ਕਮਿਸ਼ਨਰ ਅਤੇ ਐਸ.ਟੀ.ਪੀ. ਨੂੰ ਨਾਲ ਲੈ ਕੇ ਸ਼ਹਿਰ ਅੰਦਰ ਲਗਭਗ 24 ਬਿਲਡਿੰਗਾਂ ਦਾ ਮੌਕਾ ਦੇਖਿਆ ਗਿਆ ਸੀ ਅਤੇ ਕਮਿਸ਼ਨਰ ਜੀ ਮੀਟਿੰਗ ਵਿੱਚ ਇਹਨਾਂ ਬਿਲਡਿੰਗਾਂ ਤੇ ਕਾਰਵਾਈ ਕਰਨ ਲਈ ਕਿਹਾ ਗਿਆ ਸੀ । ਪਰ ਜਿਹੜੀ ਜਾਣਕਾਰੀ ਉਹਨਾਂ ਨੂੰ ਦਫ਼ਤਰ ਵਲੋਂ ਇਹਨਾਂ ਬਿਲਡਿੰਗ ਤੇ ਕੀਤੀ ਕਾਰਵਾਈ ਬਾਰੇ ਭੇਜੀ ਹੈ, ਉਹ ਪੂਰੀ ਤਰ੍ਹਾਂ ਨਾਲ ਗੁੰਮਰਾਹ ਕਰਨ ਵਾਲੀ ਹੈ । ਇਸ ਸੂਚੀ ਵਿੱਚ ਜ਼ਿਆਦਾਤਰ ਅਧਿਕਾਰੀਆਂ ਦੇ ਹਸਤਾਖ਼ਰ ਵੀ ਨਹੀਂ ਹਨ । ਸੂਚੀ ਵਿੱਚ 16-17 ਬਿਲਡਿੰਗਾਂ ਤੇ ਕਾਰਵਾਈ ਕੀਤੀ ਗਈ ਦਰਸਾਈ ਗਈ ਹੈ ਅਤੇ ਜਿਹੜੇ ਹਸਤਾਖ਼ਰ ਕੀਤੇ ਹਨ ਪਤਾ ਹੀ ਨਹੀਂ ਚਲਦਾ ਕਿ ਕਿਸ ਅਧਿਕਾਰੀ ਦੇ ਹਸਤਾਖ਼ਰ ਹਨ । ਕਈ ਬਿਲਡਿੰਗਾਂ ਤੇ ਕੋਈ ਕਮੈਂਟ ਨਹੀਂ ਦਿੱਤੇ ਗਏ ਤੇ ਨਾ ਹੀ ਹਸਤਾਖ਼ਰ ਕੀਤੇ ਹਨ । ਉਹਨਾਂ ਕਿਹਾ ਕਿ ਭ੍ਰਿਸ਼ਟਾਚਾਰ ਸਬੰਧੀ ਉਹ ਸ੍ਰੀ ਜ਼ੋਗਿੰਦਰ ਸਿੰਘ ਟੋਨੀ, ਸ੍ਰੀ ਰਾਮ ਗੋਪਾਲ ਗੁਪਤਾ, ਸ੍ਰੀ ਕ੍ਰਿਸ਼ਨ ਕੋਛੜ ਅਤੇ ਸ੍ਰੀ ਜਗਦੀਸ਼ ਰਾਜ ਰਾਜਾ ਦੀਆਂ ਗੱਲਾਂ ਨਾਲ ਸਹਿਮਤ ਹਨ ਅਤੇ ਸਾਡੇ ਸਾਰਿਆਂ ਲਈ ਇਹ ਸ਼ਰਮ ਦੀ ਗੱਲ ਹੈ ।

ਮੇਅਰ ਜੀ ਨੇ ਐਸ.ਟੀ.ਪੀ. ਨੂੰ ਹਦਾਇਤ ਕੀਤੀ ਕਿ ਜਿਹੜੀਆਂ ਬਿਲਡਿੰਗਾਂ ਦੀ ਗੱਲ ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ ਵਲੋਂ ਕੀਤੀ ਗਈ ਹੈ, ਉਸ ਸਬੰਧੀ ਬਿਲਡਿੰਗ ਸ਼ਾਖਾ ਵਲੋਂ ਜ਼ੋ ਕਾਰਵਾਈ ਕੀਤੀ ਗਈ ਹੈ, ਬਾਰੇ ਹਾਊਸ ਨੂੰ ਜਾਣੂ ਕਰਵਾਉਣ ।

ਸ੍ਰੀ ਸ਼ਕਤੀ ਸਾਗਰ ਭਾਟੀਆ, ਐਸ.ਟੀ.ਪੀ. ਵਲੋਂ ਇਸ ਸਬੰਧੀ ਦਫ਼ਤਰ ਵਲੋਂ ਕੀਤੀ ਗਈ ਕਾਰਵਾਈ ਬਾਰੇ ਜਾਣੂ ਕਰਵਾਇਆ ਗਿਆ । ਪ੍ਰੰਤੂ ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨਿਅਰ ਡਿਪਟੀ ਮੇਅਰ ਵਲੋਂ ਅਸਤੁੰਸ਼ਟੀ ਜਾਹਰ ਕੀਤੀ ਗਈ ਅਤੇ ਦੱਸਿਆ ਕਿ ਐਸ.ਟੀ.ਪੀ. ਉਹਨਾਂ ਨੂੰ ਅਤੇ ਹਾਊਸ ਨੂੰ ਗੁਮਰਾਹ ਕਰ ਰਹੇ ਹਨ ।

ਸ੍ਰੀਮਤੀ ਮਨਜੀਤ ਕੌਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਤਿੰਨ ਮਹੀਨੇ ਤੋਂ ਕੂੜਾ ਨਹੀਂ ਚੁੱਕਵਾਇਆ ਜਾ ਰਿਹਾ ।ਇਸ ਤੋਂ ਇਲਾਵਾ ਉਹਨਾਂ ਆਵਾਰਾ ਕੁੱਤਿਆਂ ਦਾ ਮੁੱਦਾ ਉਠਾਇਆ ।

ਸ੍ਰੀ ਜ਼ੋਗਿੰਦਰ ਸਿੰਘ ਟੋਨੀ, ਕੌਂਸਲਰ, ਵਲੋਂ ਦੱਸਿਆ ਗਿਆ ਕਿ ਮਾਨਯੋਗ ਸੁਪਰੀਮ ਕੋਰਟ ਵਲੋਂ ਵੀ ਇਹ ਆਦੇਸ਼ ਆ ਚੁੱਕਾ ਹੈ ਕਿ ਜਿਹੜੇ ਕੁੱਤੇ ਖੂੰਖਾਰ ਹਨ , ਲੋਕਾਂ ਨੂੰ ਵੱਡਦੇ ਹਨ ਨੂੰ ਮਾਰ ਦਿੱਤਾ ਜਾਵੇ ।

ਡਾ:ਪ੍ਰਦੀਪ ਸਿੰਘ ਰਾਏ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਉਹ ਮਿਤੀ 25.9.2012 ਤੋਂ ਲਗਾਤਾਰ ਮੁੱਦਾ ਉਠਾਉਂਦੇ ਆ ਰਹੇ ਹਨ ਕਿ ਉਹਨਾਂ ਦੇ ਵਾਰਡ ਵਿੱਚ ਇੱਕ ਕਲੋਨੀ ਵਿੱਚ 200 ਕੋਠੀਆਂ ਬਿਨਾਂ ਨਕਸ਼ੇ ਅਤੇ ਅਣਅਧਿਕਾਰਤ ਤੌਰ ਤੇ ਬਨਾਈਆਂ ਗਈਆਂ ਹਨ ਜਿਸ ਦਾ ਜਵਾਬ ਉਹਨਾਂ ਨੂੰ ਅੱਜ ਤੱਕ ਨਹੀਂ ਮਿਲਿਆ । ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਇਲਾਕੇ ਸ਼ਹੀਦ ਬਾਬੂ ਲਾਭ ਸਿੰਘ ਨਗਰ ਮਾਰਕੀਟ ਵਿਚ ਵਿੱਚ ਦੋ ਦੁਕਾਨਾਂ ਬਨਣ ਨਹੀਂ ਦਿੱਤੀਆ ਜਾ ਰਹੀਆਂ। ਬਿਲਡਿੰਗ ਸ਼ਾਖਾ ਵਲੋਂ ਨੀਹਾਂ ਤੇ ਹੀ ਕੰਮ ਕਿਉਂ ਨਹੀਂ ਰੋਕਿਆ ਜਾਂਦਾ । ਜਦ ਕੋਈ ਲੈਂਟਰ ਪਾਉਣ ਵਾਲਾ ਹੁੰਦਾ ਹੈ, ਤਾਂ ਬਿਲਡਿੰਗ ਸ਼ਾਖਾ ਉਸ ਕੰਮ ਨੂੰ ਰੋਕ ਦਿੰਦੀ ਹੈ ਜਾਂ ਢਾਹ ਦਿੰਦੀ ਹੈ । ਜਦ ਕਿ ਹਰੇਕ ਬਿਲਡਿੰਗ ਇੰਸਪੈਕਟਰ ਨੂੰ ਆਪੋ-ਆਪਣੇ ਇਲਾਕੇ ਵਿੱਚ ਚਲ ਰਹੀਆਂ ਉਸਾਰੀਆਂ ਦੀ ਜਾਣਕਾਰੀ ਹੁੰਦੀ ਹੈ । ਇਹ ਸਭ ਭ੍ਰਿਸ਼ਟਾਚਾਰ ਵੱਧਣ ਦੇ ਕਾਰਣ ਹੈ ।

ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਵਲੋਂ ਕਿਹਾ ਗਿਆ ਕਿ ਅਣਅਧਿਕਾਰਤ ਕਾਲੋਨੀਆਂ ਤੋਂ ਐਨ.ਓ.ਸੀ. ਦੇ ਕੇ ਪੈਸੇ ਤਾਂ ਲਏ ਗਏ ਪਰ ਵਿਕਾਸ ਨਹੀਂ ਹੋ ਰਿਹਾ ਅਤੇ ਨਾ ਹੀ ਪੈਚ ਵਰਕ ਦੇ ਕੰਮ ਹੋ ਰਹੇ ਹਨ, ਜਿਸ ਕਰਕੇ ਮੁਹੱਲੇ ਦੇ ਲੋਕਾਂ ਦੇ ਵਿਰੋਧ

ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾ ਇਹ ਵੀ ਕਿਹਾ ਕਿ ਜਿਆਦਾਤਰ ਕਲੋਨੀਆਂ ਵਿਚ ਸਫਾਈ ਦਾ ਮਾੜਾ ਹਾਲ ਹੈ ਅਤੇ ਅਵਾਰਾ ਕੁੱਤਿਆਂ ਦੀ ਭਰਮਾਰ ਹੈ।

ਸ੍ਰੀ ਬਲਰਾਜ ਠਾਕੁਰ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਉਹ ਪਿਛਲੀਆਂ ਮੀਟਿੰਗ ਵਿੱਚ ਵੀ ਕਹਿ ਚੁੱਕੇ ਹਨ ਕਿ ਉਹਨਾਂ ਦ ਵਾਰਡ ਵਿੱਚ ਪਿਛਲੇ 3-4 ਸਾਲਾਂ ਤੋਂ ਜਿਨ੍ਹਾਂ ਸੜਕਾਂ ਤੇ ਪੱਥਰ ਬਿਛਾਇਆ ਜਾ ਚੁੱਕਾ ਹੈ, ਉਥੇ ਲੁੱਕ ਦਾ ਕੰਮ ਕਰਵਾਇਆ ਜਾਵੇ । ਇਸ ਤੋਂ ਇਲਾਵਾ ਜਿਹੜੀ 120 ਫੁੱਟੀ ਸੜਕ ਬਣ ਰਹੀਂ, ਉਥੇ ਰਾਤ ਨੂੰ ਲੋਕ ਟਰਾਲੀਆਂ ਨਾਲ ਕੂੜਾ ਅਤੇ ਮਲਬਾ ਸੁੱਟਦੇ ਹਨ, ਨੂੰ ਰੋਕਿਆ ਜਾਵੇ । ਅਰਬਨ ਅਸਟੇਟ ਫੇਸ-2 ਤੋਂ ਡੈਅਰੀਆਂ ਨੂੰ ਜਾਂਦੀ ਸੜਕ ਨੂੰ ਸਾਫ ਸੁਥਰਾ ਰੱਖਿਆ ਜਾਵੇ ।

ਸ੍ਰੀ ਕਸਤੂਰੀ ਲਾਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ:ਭੀਮ ਰਾਓ ਅੰਬੇਡਕਰ ਜੀ ਦੇ ਆਦਮਬੁੱਤ ਵਾਲਾ ਚੌਕ ਇਸ ਵੇਲੇ ਬਹੁਤ ਮਾੜੀ ਹਾਲ੍ਹਤ ਵਿੱਚ ਹੈ । ਆਵਾਰਾ ਡੰਗਰ ਅਤੇ ਕੁੱਤੇ ਇਸ ਚੌਕ ਉਪੱਰ ਬੈਠੇ ਰਹਿੰਦੇ ਹਨ, ਇਸ ਲਈ ਇਸ ਚੌਕ ਦੇ ਆਲ੍ਹੇ-ਦੁਆਲ੍ਹੇ ਉਚੀਆਂ ਗਰਿਲਾਂ ਲਗਵਾਈਆਂ ਜਾਣ । ਇਸ ਤੋਂ ਇਲਾਵਾ ਭਗਤ ਕਬੀਰ ਚੌਕ, ਗੁਰੂ ਰਵੀਦਾਸ ਚੌਕ, ਭਗਵਾਨ ਵਾਲਮੀਕਿ ਚੌਕ ਅਤੇ ਲਵ-ਕੁਸ਼ ਚੌਕ ਨੂੰ ਸੁੰਦਰ ਬਣਾਇਆ ਜਾਵੇ । ਉਹਨਾਂ ਕਿਹਾ ਕਿ ਗੁਰੂ ਨਾਨਕ ਮਿਸ਼ਨ ਚੌਕ ਤੋਂ ਸਕਾਈਲਾਰਕ ਚੌਕ ਵੱਲ ਜਾਂਦੀ ਸੜਕ ਦੇ ਵਿਚਕਾਰ ਜਿਹੜਾ ਡਿਵਾਈਡਰ ਹੈ, ਉਹ ਸਿਰਫ ਇੱਕ ਫੁੱਟ ਚੋੜਾ ਹੈ, ਅਤੇ ਲੋਕ ਉਸ ਨੂੰ ਕਰਾਸ ਕਰਦੇ ਹਨ ਜਿਸ ਨਾਲ ਦੁਰਘਟਨਾਵਾਂ ਹੁੰਦੀਆਂ ਹਨ । ਉਹਨਾਂ ਕਿਹਾ ਕਿ ਇਸ ਡਿਵਾਈਡਰ ਦੀ ਥਾਂ ਤੇ ਗਰਿਲ ਲਗਾ ਦਿੱਤੀ ਜਾਵੇ ਤਾਂ ਜ਼ੋ ਦੁਰਘਟਨਾਵਾਂ ਨਾ ਹੋ ਸਕਣ ।

ਸ੍ਰੀ ਸੁਸ਼ੀਲ ਰਿੰਕੂ, ਕੌਂਸਲਰ, ਵਲੋਂ ਕਿਹਾ ਗਿਆ ਕਿ ਸੁਪਰ ਸਕਸ਼ਨ ਮਸ਼ੀਨ ਨਾਲ 30-35 ਸਾਲ ਪੁਰਾਣੇ ਪਏ ਸੀਵਰੇਜ਼ ਜਿਸ ਵਿੱਚ 80% ਸਿਲਟ ਤੇ ਗਾਰ ਭਰੀ ਸੀ ਅਤੇ ਸੀਵਰ ਚੋਕ ਪਏ ਸਨ, ਸਾਫ ਹੋ ਗਏ ਹਨ । ਇਸ ਸਫਾਈ ਨਾਲ ਸੀਨਿਅਰ ਡਿਪਟੀ ਮੇਅਰ, ਸ੍ਰੀ ਹਰਸਿਮਰਤ ਬੰਟੀ ਅਤੇ ਓਹਨਾਂ ਦੇ ਵਾਰਡ ਦੇ ਵਸਨੀਕਾਂ ਨੂੰ ਬਹੁਤ ਵੱਡੀ ਰਾਹਤ ਮਿਲੀ ਹੈ ਖ਼ਾਸ ਕਰਕੇ ਬਸਤੀਆਂ ਦੇ ਵਸਨੀਕਾਂ ਨੂੰ ।ਉਹ ਇਸ ਵਾਸਤੇ ਸੀਨਿਅਰ ਡਿਪਟੀ ਮੇਅਰ ਅਤੇ ਸ੍ਰੀ ਲਖਵਿੰਦਰ ਸਿੰਘ, ਨਿਗਰਾਨ ਇੰਜੀਨੀਅਰ (ਓ ਐਂਡ ਐਮ) ਨੂੰ ਵਧਾਈ ਦਿੰਦੇ ਹਨ । ਉਹਨਾਂ ਸੀਨਿਅਰ ਡਿਪਟੀ ਮੇਅਰ ਜੀ ਦਾ ਖ਼ਾਸ ਤੌਰ ਤੇ ਧੰਨਵਾਦ ਕੀਤਾ ਕਿ ਪਿਛਲੀ ਵਿੱਤ ਅਤੇ ਠੇਕਾ ਕਮੇਟੀ ਵਿੱਚ ਸੁਪਰ ਸਕਸ਼ਨ ਮਸ਼ੀਨ ਦੇ ਟੈਂਡਰ ਜਿਸ ਵਿੱਚ ਇਹ ਕੰਮ ਇੱਕ ਕਰੋੜ ਰੁਪਏ ਨਾਲ ਕਰਵਾਇਆ ਜਾਣਾ ਹੈ, ਨੂੰ ਪਾਸ ਕੀਤਾ ਗਿਆ ।ਇਸ ਵਾਸਤੇ ਉਹ ਮੇਅਰ ਅਤੇ ਸਮੂਹ ਵਿੱਤ ਅਤੇ ਠੇਕਾ ਕਮੇਟੀ ਦੇ ਮੈਂਬਰਾਂ ਨੰ ਵਧਾਈ ਦਿੰਦੇ ਹਨ । ਉਹਨਾਂ ਇਹ ਵੀ ਕਿਹਾ ਕਿ ਜਿਹੜਾ ਫੰਡ ਅਣਅਧਿਕਾਰਤ ਕਲੋਨੀਆਂ ਨੂੰ ਰੈਗੁਲਰ ਕਰਨ ਤੇ ਪ੍ਰਾਪਤ ਹੋਇਆ ਹੈ, ਉਹ ਸ਼ਹਿਰ ਦੀਆਂ ਲਗਭਗ 105 ਕਲੋਨੀਆਂ ਜਿਨ੍ਹਾਂ ਵਿੱਚ 55 ਤੋਂ 60 ਕਰੋੜ ਰੁਪਏ ਦੇ ਵਿਕਾਸ ਦੇ ਕੰਮ ਕਰਵਾਏ ਜਾਣੇ ਹਨ, ਕਰਵਾਏ ਜਾਣ ।ਸਾਰੇ ਕੌਂਸਲਰ ਦੇ ਵਾਰਡਾਂ ਦੀ ਇੱਕ-ਇੱਕ ਅਣਅਧਿਕਾਰਤ ਕਲੋਨੀ ਦੀ ਡਿਵੈਲਪਮੈਂਟ ਵੱਲ ਧਿਆਨ ਦਿੱਤਾ ਜਾਵੇ ।

ਮੇਅਰ ਜੀ ਨੇ ਦੱਸਿਆ ਕਿ ਬਸਤੀ ਪੀਰ ਦਾਦ ਐਸ.ਟੀ.ਪੀ. ਨੂੰ ਚਾਲੂ ਕਰਨ ਲਈ ਅਸੀਂ ਐਕਸਪੈਰੀਮੈਂਟ ਲਈ ਸੀਵਰੇਜ਼ ਆਪ ਬਲਾਕ ਕੀਤਾ ਸੀ । 120 ਫੁੱਟੀ ਰੋਡ ਤੋਂ ਬਸਤੀ ਪੀਰ ਦਾਦ ਐਸ.ਟੀ.ਪੀ. ਵੱਲ ਜਾਂਦਾ ਸੀਵਰ ਲਗਭਗ 80% ਚੋਕ ਸੀ । ਸੁਪਰ ਸਕਸ਼ਨ ਮਸ਼ੀਨ ਨਾਲ ਸਫਾਈ ਕਰਵਾਉਣ ਨਾਲ ਹੁਣ ਉਹ ਸੀਵਰ ਇੰਝ ਜਾਪਦਾ ਹੈ ਜਿਵੇਂ ਨਵਾਂ ਬਿਛਾਇਆ ਗਿਆ ਹੈ । ਇੱਕ ਕਰੋੜ ਰੁਪਏ ਨਾਲ ਗੁਰੂ ਤੇਗ ਬਹਾਦੁਰ ਨਗਰ ਟੈਲੀਫੋਨ ਐਕਸਚੇਂਜ ਤੋਂ ਗੁਰੂ ਰਵੀਦਾਸ ਚੌਂਕ, ਗੁਰੂ ਰਵੀਦਾਸ ਚੌਕ ਤੋਂ ਬਬਰੀਕ ਚੌਂਕ, ਬਬਰੀਕ ਚੌਕ ਤੋਂ ਬਾਬੂ ਜਗਜੀਵਨ ਰਾਮ ਚੌਂਕ, ਬਾਬੂ ਜਗਜੀਵਨ ਰਾਮ ਚੌਕ ਤੋਂ ਕਪੂਰਥਲਾ ਰੋਡ ਹੁੰਦਿਆਂ ਵਰਕਸ਼ਾਪ ਚੌਕ ਅਤੇ ਗਾਜ਼ੀਗੁੱਲਾ ਤੱਕ ਸੀਵਰੇਜ਼ ਦੀ ਸਫਾਈ ਕਰਵਾਈ ਜਾਵੇਗੀ । ਮੇਨ 69 ਇੰਚ ਸੀਵਰੇਜ਼ ਦੀ ਸਫਾਈ ਤੋਂ ਬਾਅਦ ਇਹਨਾਂ ਦੇ ਐਡਜੁਆਇਨਿੰਗ ਸੀਵਰੇਜ਼ ਜਿਸ ਵਿੱਚ 24 ਇੰਚ × 36 ਇੰਚ ਆਦਿ ਹੈ, ਦੀ ਵੀ ਲਗਭਗ 5-6 ਕਰੋੜ ਨਾਲ ਸਫਾਈ ਕਰਵਾਉਣ ਦੀ ਯੋਜਨਾ ਹੈ ।ਬਸਤੀ ਪੀਰ ਦਾਦ ਐਸ.ਟੀ.ਪੀ. ਵੱਲ ਜਾਂਦੇ ਦੋ ਰੇਲਵੇ ਕਰਾਸਿੰਗ ਵਿੱਚ ਸੀਵਰੇਜ਼ ਲੰਘਾਉਣ ਲਈ ਰੇਲਵੇ ਵਿਭਾਗ ਪਾਸੋਂ ਪਰਮਿਸ਼ਨਾਂ ਮੰਗੀਆਂ ਗਈਆਂ ਸਨ ਜਿਸ ਵਿੱਚ ਇੱਕ ਰੇਲਵੇ ਕਰਾਸਿੰਗ ਸਬੰਧੀ ਪਰਮਿਸ਼ਨ ਮਿਲ ਗਈ ਹੈ ਅਤੇ ਦੂਜੇ ਦਾ ਤਖ਼ਮੀਨਾ ਰੇਲਵੇ ਵਿਭਾਗ ਨੂੰ ਭੇਜ਼ ਦਿੱਤਾ ਗਿਆ ਹੈ ।ਹੁਣ ਬਸਤੀ ਪੀਰ ਦਾਦ ਦਾ ਐਸ.ਟੀ.ਪੀ. 60-65% ਚਾਲੂ ਹੈ ।

ਸ੍ਰੀ ਅਸ਼ਵਨੀ ਭੰਡਾਰੀ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਰੇਲਵੇ ਸਟੇਸਨ ਪਾਸ ਜਿੱਥੇ ਨਗਰ ਨਿਗਮ ਦਾ ਚੁੰਗੀ ਦਫ਼ਤਰ ਹੁੰਦਾ ਸੀ, ਉਥੇ ਐਕਸਾਈਜ਼ ਮਹਿਕਮੇਂ ਵਾਲੇ ਬੈਠੇ ਹਨ, ਇਹ ਜਗ੍ਹਾਂ ਐਕਸਾਈਜ਼ ਮਹਿਕਮੇਂ ਨੂੰ ਕਿੰਨੇ ਕਿਰਾਏ ਤੇ ਕਦੋਂ ਤੋਂ ਦਿੱਤੀ ਗਈ ਹੈ ਅਤੇ ਕਿਸ ਦੀ ਮਜ਼ੂਰੀ ਨਾਲ ਦਿੱਤੀ ਗਈ ਹੈ , ਬਾਰੇ ਦੱਸਿਆ ਜਾਵੇ । ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਉਹ ਐਡਵਰਟਾਈਜ਼ਮੈਂਟ ਕਮੇਟੀ ਦੇ ਚੇਅਰਮੈਨ ਹਨ, ਪ੍ਰੰਤੂ ਵਾਰ ਵਾਰ ਮੰਗਣ ਤੇ ਵੀ ਉਹਨਾਂ ਨੂੰ ਨਹਿਰੂ ਗਾਰਡਨ ਪਾਰਕਿੰਗ, ਨਰਿੰਦਰ ਸਿਨੇਮਾ ਪਾਰਕਿੰਗ, ਰੰਗਲਾ ਵੇਹੜਾ, ਟਰੈਫਿਕ ਸਿਗਨਲਾਂ ਦੇ ਮੈਨਟੀਨੈਂਸ ਜਾਂ ਫਲਾਈਓਵਰਾਂ ਹੇਠਾਂ ਉਸਾਰੀਆਂ ਗਈਆਂ ਗਰੀਨ ਬੈਲਟਾਂ ਸਬੰਧੀ ਇਕਰਾਰਨਾਮੇ ਦਫ਼ਤਰ ਵਲੋਂ ਨਹੀਂ ਦਿੱਤੇ ਜਾ ਰਹੇ ।ਬਾਗਬਾਨੀ ਸ਼ਾਖਾ ਨੂੰ ਹਦਾਇਤ ਕੀਤੀ ਜਾਵੇ ਕਿ ਗਰੀਨ ਬੈਲਟਾਂ ਜਾਂ ਸੈਂਟਰਲ ਵਰਜਾਂ ਦੇ ਰੱਖ ਰਖਾਓ ਸਬੰਧੀ ਕੀਤੇ ਜਾਣ ਵਾਲੇ ਇਕਰਾਰਨਾਮੇ ਪਹਿਲਾਂ ਉਹਨਾਂ ਨੂੰ ਪੜਾਏ ਜਾਣ ।ਉਹਨਾਂ ਇਹ ਵੀ ਦੱਸਿਆ ਕਿ ਐਡਵਰਟਾਈਜ਼ਮੈਂਟ ਸ਼ਾਖਾ ਵਲੋਂ ਨਵੇਂ ਅਡਾਪਟ ਕੀਤੇ ਐਡਵਰਟਾਈਜ਼ਮੈਂਟ ਬਾਈਲਾਜ਼ ਅਤੇ ਪਾਲਿਸੀ ਤਹਿਤ ਟੈਂਡਰ ਮੰਗੇ ਗਏ ਸਨ ਜਿਸ ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਟੇਅ ਹੋਇਆ ਹੈ ।ਉਹਨਾਂ ਮੰਗ ਕੀਤੀ ਕਿ ਲੁਧਿਆਣਾ ਦੀ

ਤਰਜ ਤੇ ਜਲੰਧਰ ਸ਼ਹਿਰ ਵਿੱਚ ਵੀ ਪ੍ਰਾਈਵੇਟ ਐਡਵਰਟਾਈਜ਼ਮੈਂਟ ਲਈ ਰਸੀਦਾਂ ਕੱਟਣੀਆਂ ਚਾਹੀਦੀਆਂ ਹਨ ਜਿਸ ਨਾਲ ਆਮਦਨ ਵਧੇ ।

ਮੇਅਰ ਜੀ ਵਲੋਂ ਦੱਸਿਆ ਗਿਆ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਟੇਅ ਨਹੀਂ ਦਿੱਤਾ ਗਿਆ ਹੈ । ਤੁਸੀਂ ਐਡਵਰਟਾਈਜ਼ਮੈਂਟ ਐਡਹਾਕ ਕਮੇਟੀ ਦੇ ਚੇਅਰਮੈਨ ਹੋ ਅਤੇ ਕਮੇਟੀ ਦੀ ਮੀਟਿੰਗ ਬੁਲਾ ਕੇ ਇਸ ਸੰਬਧੀ ਤਜ਼ਵੀਜ਼ ਪਾਸ ਕਰਕੇ ਹਾਊਸ ਵਿੱਚ ਰੱਖੀ ਜਾਵੇ ।

ਸ੍ਰੀਮਤੀ ਸੁਮਨ ਸਹਿਗਲ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹਨਾਂ ਵਲੋ ਆਪਣੇ ਵਾਰਡ ਵਿੱਚ ਪੈਂਦੇ ਲਕਸ਼ਮੀ ਸਿਨੇਮਾ ਦੇ ਨੇੜੇ ਮੀਟ ਦੀ ਰੇਹੜੀ ਹਟਾਉਣ ਬਾਰੇ ਸ਼ਿਕਾਇਤ ਕੀਤੀ ਗਈ ਤਾਂ ਦਫ਼ਤਰ ਵਲੋਂ ਉਹਨਾਂ ਨੂੰ ਸ਼ਿਕਾਇਤ ਲਿਖ਼ ਕੇ ਦੇਣ ਲਈ ਕਿਹਾ ਗਿਆ ।ਇਸ ਤੋਂ ਇਲਾਵਾ ਪ੍ਰਤਾਪ ਬਾਗ ਨਗਰ ਸੁਧਾਰ ਟਰਸਟ ਦੀ ਜ਼ਮੀਨ ਵੱਲ ਕੂੜੇ ਅਤੇ ਮਲਬੇ ਦੇ ਢੇਰ ਲੱਗੇ ਹੋਏ ਹਨ, ਨੂੰ ਚੁੱਕਵਾਇਆ ਜਾਵੇ ।

ਮੇਅਰ ਜੀ ਨੇ ਉਹਨਾਂ ਨੂੰ ਏ.ਐਚ.ਓ. ਨੂੰ ਮੌਕਾ ਦਿਖਾਉਣ ਦੀ ਹਦਾਇਤ ਕੀਤੀ ।

ਸ੍ਰੀ ਵਿਪਨ ਕੁਮਾਰ, ਕੌਂਸਲਰ ਵਲੋਂ ਕਿਹਾ ਗਿਆ ਕਿ ਸਾਰੇ ਸ਼ਹਿਰ ਅੰਦਰ 16 ਸਲੱਮ ਅਬਾਦੀਆਂ ਹਨ । ਇਹਨਾਂ ਸਲੱਮ ਅਬਾਦੀਆਂ ਵਿੱਚ ਵਿਕਾਸ ਦੇ ਕੰਮਾਂ ਦੇ ਟੈਂਡਰ ਲਗਵਾਏ ਜਾਣ । ਉਹਨਾਂ ਦੇ ਵਾਰਡ ਵਿੱਚ ਪੈਂਦੇ ਸਲੱਮ ਏਰੀਆ ਅਬਾਦਪੁਰਾ ਵਿੱਚ ਵਿਕਾਸ ਦੇ ਕੰਮਾਂ ਦੀ ਜ਼ਿਆਦਾ ਜ਼ਰੂਰਤ ਹੈ । ਉਹਨਾਂ ਦੇ ਵਾਰਡ ਦੇ ਸੀਵਰੇਜ਼, ਸਟਰੀਟ ਲਾਈਟਾਂ ਅਤੇ ਸੜਕਾਂ ਦੇ ਟੈਂਡਰ ਲਗਾਏ ਜਾਣ । ਉਹਨਾਂ ਇਹ ਵੀ ਕਿਹਾ ਕਿ ਗੁਰੂ ਰਵੀਦਾਸ ਚੌਂਕ ਤੋਂ ਮੈਨਬਰੋ ਚੌਂਕ ਵੱਲ ਜਾਂਦੇ ਦੋਵੇਂ ਪਾਸੇ ਹਸਪਤਾਲ ਵਾਲਿਆਂ ਨੇ ਗਰੀਨ ਬੈਲਟਾਂ ਤੋੜ ਕੇ ਗੈਰ ਕਾਨੂੰਨੀ ਪਾਰਕਿੰਗਾਂ ਬਣਾ ਕੇ ਕਬਜ਼ੇ ਕੀਤੇ ਹਨ। ਇਹਨਾਂ ਕਬਜ਼ਿਆਂ ਨੂੰ ਹਟਾਇਆ ਜਾਵੇ ਅਤੇ ਗਰੀਨ ਬੈਲਟਾਂ ਦੀ ਉਸਾਰੀ ਕਰਵਾਈ ਜਾਵੇ ।

ਸ੍ਰੀ ਰਵੀ ਮਹਿੰਦਰੂ, ਕੌਂਸਲਰ, ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਗਰ ਨਿਗਮ ਦੇ ਸਮੂਹ ਕੌਂਸਲਰ, ਅਧਿਕਾਰੀਆਂ ਵਲੋਂ ਦਿਨ ਰਾਤ ਮਿਹਨਤ ਕਰਕੇ ਕੇਂਦਰ ਸਰਕਾਰ ਦੇ ਸਮਾਰਟ ਸਿਟੀ ਮਿਸ਼ਨ ਤਹਿਤ ਜਲੰਧਰ ਸ਼ਹਿਰ ਨੂੰ ਸ਼ਾਮਲ ਕਰਵਾਇਆ ਗਿਆ ਹੈ, ਸ਼ਲਾਘਾ ਕਰਦੇ ਹਨ । ਪ੍ਰੰਤੂ ਇਹ ਨਿਵੇਦਨ ਕਰਦੇ ਹਨ ਕਿ ਐਸ.ਪੀ.ਵੀ. ਵਿੱਚ ਜਨਤਾ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਜਾਵੇ ਕਿਉਂ ਜ਼ੋ ਸ਼ਹਿਰ ਦੀਆਂ ਸਮੱਸਿਆਵਾਂ ਚੁਣੇ ਹੋਏ ਨੁਮਾਇੰਦੇ ਹੀ ਦੱਸ ਸਕਦੇ ਹਨ ਅਤੇ ਐਸ.ਪੀ.ਵੀ. ਵਿੱਚ ਉਹਨਾਂ ਸੱਮਸਿਆਂ ਦੇ ਹੱਲ ਲਈ ਸੁਝਾਓ ਦੇ ਸਕਦੇ ਹਨ । ਉਹਨਾਂ ਕਿਹਾ ਕਿ ਪ੍ਰਸ਼ਾਸਨ ਵਲੋਂ ਰੈਡ ਕਰਾਸ ਮਾਰਕਿਟ ਦੀ ਉਸਾਰੀ ਕਰਵਾਈ ਗਈ ਸੀ ਤਾਂ ਜ਼ੋ ਜੀ.ਟੀ. ਰੋਡ ਤੇ ਟਰੈਫਿਕ ਸੁਚਾਰੂ ਢੰਗ ਨਾਲ ਚਲ ਸਕੇ । ਪ੍ਰੰਤੂ ਇਸ ਸੜਕ ਤੇ ਹਾਲ੍ਹੇ ਵੀ ਮਾੜਾ ਹਾਲ ਹੈ । ਉਹ ਸ੍ਰੀ ਜ਼ੋਗਿੰਦਰ ਸਿੰਘ ਟੋਨੀ ਵਲੋਂ ਉਠਾਏ ਗਏ ਮੁੱਦੇ ਦਾ ਸਮਰੱਥਨ ਕਰਦੇ ਹਨ ਕਿਉਂ ਜ਼ੋ ਕੌਂਸਲਰ ਆਪਣੇ ਵਾਰਡ ਅਤੇ ਇਲਾਕੇ ਵਿੱਚ ਜਵਾਬਦੇਹ ਹੁੰਦੇ ਹਨ । ਉਹਨਾਂ ਮੇਅਰ ਜੀ ਨੂੰ ਇੱਕ ਸ਼ਿਕਾਇਤ ਦੀ ਕਾਪੀ ਦਿਖਾਈ ਕਿ ਅਪ੍ਰੈਲ, 2015 ਤੋਂ ਲਗਾਤਾਰ ਇੱਕ ਵਿਅੱਕਤੀ ਵਲੋਂ ਬਾਈਪਾਸ ਨੇੜੇ ਸਰਗਮ ਧਰਮ ਕੰਡੇ ਦੇ ਨਾਲ ਨਜਾਇਜ਼ ਕੱਟੀ ਕਲੋਨੀ ਸਬੰਧੀ ਸ਼ਿਕਾਇਤਾਂ ਕਰਦਾ ਆ ਰਿਹਾ ਹੈ ਪ੍ਰੰਤੂ ਦਫ਼ਤਰ ਵਲੋਂ ਅੱਜ ਤੱਕ ਉਸਦੀ ਸ਼ਿਕਾਇਤ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ । ਜਦ ਕਿ ਇਸ ਕਲੋਨੀ ਦੇ ਸੀਵਰੇਜ਼ ਨੂੰ ਨਗਰ ਨਿਗਮ ਦੇ ਸੀਵਰੇਜ਼ ਨਾਲ ਵੀ ਜ਼ੋੜ ਦਿੱਤਾ ਗਿਆ ਹੈ ।ਇਹ ਸਭ ਕੁਝ ਦਫ਼ਤਰ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਹੈ । ਉਹਨਾਂ ਅੱਗੇ ਕਿਹਾ ਕਿ ਭਗਵਾਨ ਮਹਾਂਵੀਰ ਮਾਰਗ ਉੱਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਵਲੋਂ ਟਰੈਂਚ ਪੁੱਟਣ ਲਈ ਨਗਰ ਨਿਗਮ ਪਾਸ ਲਗਭਗ 12 ਲੱਖ ਰੁਪਏ ਜਮ੍ਹਾਂ ਕਰਵਾਏ ਗਏ ਸਨ ਜਦ ਕਿ ਇਹਨਾਂ ਟਰੈਂਚਾਂ ਦੀ ਰੈਸਟੋਰੇਸ਼ਨ ਤੇ ਨਗਰ ਨਿਗਮ ਦਾ ਲਗਭਗ 28 ਤੋਂ 30 ਲੱਖ ਰੁਪਏ ਖ਼ਰਚ ਹੋਏ ਹਨ । ਇਸ ਤੋਂ ਲੱਗਦਾ ਹੈ ਕਿ ਨਗਰ ਨਿਗਮ ਇਹਨਾਂ ਟਰੈਂਚਾ ਦੇ ਰੈਸਟੋਰੇਸ਼ਨ ਲਈ ਸਹੀ ਤਖ਼ਮੀਨੇ ਨਹੀਂ ਬਣਾ ਕੇ ਦਿੰਦਾ ।ਇਸ ਤੋਂ ਇਲਾਵਾ ਸ਼ਹਿਰ ਅੰਦਰ ਗਾਰਬੇਜ਼ ਡੰਪ ਦੇ ਆਲ੍ਹੇ-ਦੁਆਲ੍ਹੇ ਜਿਵੇਂ ਕਿ ਸ਼ਹੀਦ ਊਧਮ ਸਿੰਘ ਨਗਰ, ਪ੍ਰਤਾਪ ਬਾਗ ਵਿਖੇ ਕੂੜਾ ਵਿਖਰਿਆ ਰਹਿੰਦਾ ਹੈ । ਸੈਨੀਟੇਸ਼ਨ ਵਿਭਾਗ ਨੂੰ ਹਦਾਇਤ ਕੀਤੀ ਜਾਵੇ ਕਿ ਕੂੜਾ ਡੰਪਾਂ ਦੇ ਅੰਦਰ ਹੀ ਸੁੱਟਿਆ ਜਾਵੇ ।

ਮੇਅਰ ਜੀ ਵਲੋਂ ਸਮੂਹ ਹਾਊਸ ਨੂੰ ਦੱਸਿਆ ਗਿਆ ਕਿ ਐਸ.ਪੀ.ਵੀ. ਨੂੰ ਨਗਰ ਨਿਗਮ ਜਲੰਧਰ ਵਲੋਂ ਜਿੱਥੋਂ ਤੱਕ ਅਖ਼ਤਿਆਰ ਸੌਂਪਣ ਦਾ ਸਵਾਲ ਹੈ, ਉਹ ਮਨਿਸਟਰੀ ਆਫ ਅਰਬਨ ਡਿਵੈਲਪਮੈਂਟ, ਭਾਰਤ ਸਰਕਾਰ ਦੀ ਸ਼ਰਤਾਂ ਅਨੁਸਾਰ ਹੈ । ਬਾਕੀ ਐਸ.ਪੀ.ਵੀ. ਵਿੱਚ ਚੁਣੇ ਹੋਏ ਨੁਮਾਇੰਦਿਆਂ ਨੂੰ ਸ਼ਾਮਲ ਕਰਨ ਸਬੰਧੀ ਸਮੂਹ ਹਾਊਸ ਦੀ ਮੰਸ਼ਾ ਅਨੁਸਾਰ ਸਰਕਾਰ ਨੂੰ ਬੇਨਤੀ ਕਰ ਦਿੱਤੀ ਜਾਵੇਗੀ ।

ਸ੍ਰੀ ਬਾਲ ਕਿਸ਼ਨ ਬਾਲੀ, ਕੌਂਸਲਰ, ਵਲੋਂ ਕਿਸ਼ਨਪੁਰਾ ਬਲਦੇਵ ਨਗਰ ਡਿਸਪੋਜਲ ਵਿਖੇ ਲੱਗੇ ਜਨਰੇਟਰ ਦਾ ਮੁੱਦਾ ਉਠਾਇਆ ਗਿਆ ਕਿ ਇਹ ਜਨਰੇਟਰ 25 ਸਾਲ ਪੁਰਾਣਾ ਹੈ ਅਤੇ ਖ਼ਰਾਬ ਪਿਆ ਹੈ । ਜਿਸ ਨਾਲ ਉਹਨਾਂ ਦੇ ਇਲਾਕੇ ਵਿੱਚ ਸੀਵਰੇਜ਼ ਦਾ ਪਾਣੀ ਖੜਾ ਰਹਿੰਦਾ ਹੈ । ਇਸ ਡਿਸਪੋਜ਼ਲ ਤੇ ਨਵਾਂ ਜਨਰੇਟਰ ਸੈਟ ਲਗਾਇਆ ਜਾਵੇ ।

ਮੇਅਰ ਜੀ ਨੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੂੰ ਹਦਾਇਤ ਕੀਤੀ ਕਿ ਜਿੰਨੀਆਂ ਵੀ ਵੱਡੀਆਂ ਡਿਸਪੋਜ਼ਲਾਂ ਹਨ , ਉਹਨਾਂ ਲਈ ਹਾਟਲਾਈਨ ਕੁਨੈਕਸ਼ਨ ਅਪਲਾਈ ਕੀਤੇ ਜਾਣ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ, ਵਲੋਂ ਮਕਸੂਦਾਂ ਚੌਂਕ ਤੋਂ ਵਿਧੀਪੁਰ ਤੱਕ ਉਸਾਰੀ ਜਾਣ ਵਾਲੀ ਸੜਕ ਜਿਸ ਤੇ ਲਗਭਗ 3.76 ਕਰੋੜ ਰੁਪਏ ਖਰਚ ਕੀਤੇ ਜਾਣ ਸਨ, ਪ੍ਰੰਤੂ ਕੰਮ ਨਾ ਹੋਣ ਦਾ ਮੁੱਦਾ ਉਠਾਇਆ । ਇਸ ਤੋਂ ਇਲਾਵਾ ਜਿੰਦਾ ਰੋਡ ਤੋਂ ਹਾਈਵੇ ਤੱਕ ਜਾਂਦੀ ਸੜਕ ਦੇ ਮਾੜੇ ਹਾਲ ਬਾਰੇ ਮੁੱਦਾ ਉਠਾਇਆ । ਉਹਨਾਂ ਕਿਹਾ ਕਿ ਉਹਨਾਂ ਦੇ ਦਫ਼ਤਰ ਦੇ ਨਾਲ ਇੱਕ ਗਊ ਮਾਤਾ ਦੀ ਲੱਤ ਟੁੱਟ ਜਾਣ ਕਾਰਣ ਉਹ ਉਥੇ ਲੇਟੀ ਹੋਈ ਹੈ ਅਤੇ ਉਹ ਉਸ ਨੂੰ ਰੋਜ਼ਾਨਾ ਚਾਰਾ ਪਾ ਰਹੇ ਹਨ ਅਤੇ ਇਸ ਬਾਰੇ ਸੈਨੇਟਰੀ ਇੰਸਪੈਕਟਰ ਅਤੇ ਸੁਪਰਵਾਈਜ਼ਰ ਨੂੰ ਵੀ ਕਹਿ ਚੁੱਕੇ ਹਨ ।

ਮੇਅਰ ਜੀ ਨੇ ਇਸ ਬਾਬਤ ਏ.ਐਚ.ਓ. ਨੂੰ ਲੋੜੀਂਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਅੱਗੇ ਕਿਹਾ ਕਿ ਉਹਨਾਂ ਦਾ ਚਾਰ ਮਰਲੇ ਦਾ ਮਕਾਨ ਹੈ ਜਿਸ ਦੀਆਂ ਬਾਲੇ ਦੀਆਂ ਛੱਤਾਂ ਬਦਲਣ ਤੇ ਬਿਲਡਿੰਗ ਵਿਭਾਗ ਵਲੋਂ ਨੋਟਿਸ ਦਿੱਤਾ ਗਿਆ । ਉਹਨਾਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ”ਲੱਖ ਲਾਹਨਤ ਹੈ ਮੇਅਰ ਸਾਹਿਬ ਤੁਹਾਡੇ ਤੇ ” । ਇਸ ਤੇ ਸੱਤਾ ਧਿਰ ਦੇ ਕੌਂਸਲਰਾਂ ਵਲੋਂ ਸ੍ਰੀ ਦੇਸ ਰਾਜ ਜੱਸਲ ਦੀ ਨਿਖੇਧੀ ਕੀਤੀ ਗਈ ਕਿ ਉਹਨਾਂ ਵਲੋਂ ਮੇਅਰ ਜੀ ਪ੍ਰਤੀ ਅਜਿਹੀ ਅਸੰਵਿਧਾਨਿਕ ਭਾਸ਼ਾ ਵਰਤ ਕੇ ਹਾਊਸ ਦੀ ਮਰਿਆਦਾ ਭੰਗ ਕੀਤੀ ਹੈ । ਜਦ ਤੱਕ ਸ੍ਰੀ ਦੇਸ ਰਾਜ ਜੱਸਲ ਇਸ ਗੱਲ ਲਈ ਮੁਆਫੀ ਨਹੀਂ ਮੰਗਦੇ ਓਹਨਾਂ ਸਸਪੈਂਡ ਕੀਤਾ ਜਾਵੇ।ਇਸ ਗੱਲ ਤੇ ਦੋਵੇਂ ਧਿਰਾਂ ਆਪਸ ਵਿੱਚ ਸ਼ੋਰ-ਸ਼ਰਾਬਾ ਕਰਨ ਲੱਗ ਪਈਆਂ । ਅਖ਼ੀਰ ਸ੍ਰੀ ਜਗਦੀਸ਼ ਰਾਜ ਰਾਜਾ, ਵਿਰੋਧੀ ਧਿਰ ਦੇ ਨੇਤਾ ਵਲੋਂ ਕਿਹਾ ਗਿਆ ਕਿ ਜੇਕਰ ਸ੍ਰੀ ਦੇਸ ਰਾਜ ਜੱਸਲ ਵਲੋਂ ਮੇਅਰ ਜੀ ਪ੍ਰਤੀ ਅਸੰਵਿਧਾਨਕ ਭਾਸ਼ਾ ਬੋਲੀ ਗਈ ਹੈ, ਤਾਂ ਉਹ ਮੁਆਫੀ ਮੰਗਦੇ ਹਨ ।

ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਮਕਸੂਦਾਂ ਚੌਂਕ ਤੋਂ ਵਿਧੀਪੁਰ ਤੱਕ ਸੜਕ ਨੂੰ ਚੌੜਾ ਕਰਨ ਲਈ ਜੰਗਲਾਤ ਮਹਿਕਮੇਂ ਵਲੋਂ ਕਲੀਅਰੈਂਸ ਨਹੀਂ ਦਿੱਤੀ ਗਈ ਸੀ । ਹੁਣ ਪਟੇਲ ਚੌਂਕ ਤੋਂ ਵਿਧੀਪੁਰ ਤੱਕ ਸੜਕ ਨੂੰ ਚਾਰ ਲੇਨ ਕਰਨ ਦਾ ਪ੍ਰੋਜੈਕਟ ਸਰਕਾਰ ਨੂੰ ਭੇਜਿਆ ਗਿਆ ਹੈ ।

ਸ੍ਰੀ ਅਮਿਤ ਢੱਲ, ਕੌਂਸਲਰ ਵਲੋਂ ਇਹ ਕਿਹਾ ਗਿਆ ਕਿ ਜਨਮ ਅਤੇ ਮੌਤ ਦੇ ਅੰਦਰਾਜ ਕੰਪਿਊਟਰ ਤੇ ਦਰਜ ਕਰਨ ਵੇਲੇ ਸਟਾਫ ਵਲੋਂ ਛੋਟੀਆਂ-ਮੋਟੀਆਂ ਸਪੈਲਿੰਗ ਮਿਸਟੇਕ ਕਰ ਦਿੱਤੀਆਂ ਜਾਂਦੀਆਂ ਹਨ, ਜਿਸ ਕਰਕੇ ਦੋਬਾਰਾ ਉਹਨਾਂ ਨੂੰ ਠੀਕ ਕਰਵਾਉਣ ਲਈ ਏਜੰਟਾਂ ਰਾਹੀਂ ਰਿਸ਼ਵਤ ਦੀ ਮੰਗ ਕੀਤੀ ਜਾਂਦੀ ਹੈ । ਇਸ ਸ਼ਾਖਾ ਦੀ ਕਾਰਜ-ਪ੍ਰਣਾਲੀ ਨੂੰ ਸੁਧਾਰਿਆ ਜਾਵੇ।

ਸਹੀ/- ਸੁਨੀਲ ਜਯੋਤੀ, ਮੇਅਰ
1.12.2015

ਇਸ ਉਪਰੰਤ ਮੇਅਰ ਜੀ ਨੇ ਰੈਗੂਲਰ ਅਜੰਡਾ ਪੜ੍ਹਣ ਦੇ ਆਦੇਸ਼ ਦਿੱਤੇ ।

| ਮਤਾ ਨੰਬਰ | ਵਿਸ਼ਾ | ਫੈਸਲਾ /ਪ੍ਰਵਾਨਗੀ |
|---|---|---|
| 97 | ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 8.5.2015 ਦੀ ਕਾਰਵਾਈ ਬਾਰੇ। | ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ । |
| 98 | ਭਾਰਤ ਸਰਕਾਰ ਦੇ ਮੰਤਰਾਲੇ, ਮਿਨੀਸਟਰੀ ਆਫ ਅਰਬਨ ਡਿਵੈਲਪਮੈਂਟ ਦੇ ਸਮਾਰਟ ਸਿਟੀ ਮਿਸ਼ਨ ਤਹਿਤ ਜਲੰਧਰ ਸ਼ਹਿਰ ਦੀ ਸਮਾਰਟ ਸਿਟੀ ਪਰੋਪੋਜ਼ਲ (ਐਸ.ਸੀ.ਪੀ.) ਨੂੰ ਮੰਜ਼ੂਰੀ ਦੇਣ ਹਿੱਤ । | ਪ੍ਰਵਾਨ ਹੈ । |

ਸਹੀ/- ਸੁਨੀਲ ਜਯੋਤੀ, ਮੇਅਰ
1.12.2015